ਦਫਤੱਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ) ਪੰਜਾਬ।

**(ਕੰਪਲੈਕਸ ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਫੇਜ਼-8, ਬਲਾਕ-ਈ, ਐਸ.ਏ.ਐਸ. ਨਗਰ)**

ਪਬਲਿਕ ਨੋਟਿਸ

**ਨੰ: 336020/12** **ਮਿਤੀ 09-01-2024**

**1.0 ਸਿੱਖਿਆ ਵਿਭਾਗ ,ਪੰਜਾਬ ਵਿੱਚ ਈ.ਟੀ.ਟੀ.ਕਾਡਰ ਦੀਆਂ 6635 ਆਸਾਮੀਆਂ ਭਰਨ ਲਈ ਮਿਤੀ 30-07-2021 ਨੂੰ ਵਿਗਿਆਪਨ ਦਿੱਤਾ ਗਿਆ ਸੀ। ਇਸ ਭਰਤੀ ਵਿੱਚ ਸਟੇਸ਼ਨ ਅਲਾਟਮੈਂਟ ਕਰਨ ਮਗਰੋਂ ਯੋਗ ਉਮੀਦਵਾਰਾਂ ਦੇ ਅਲਾਟ ਕੀਤੇ ਸਟੇਸ਼ਨਾਂ ਤੇ ਜੁਆਇੰਨ ਨਾ ਕਰਨ ਕਰਕੇ , ਵਿਦਹੈਲਡ ਉਮੀਦਵਾਰਾਂ ਦੀ ਪਾਤਰਤਾ ਰਿਜੈਕਟ ਹੋਣ ਕਾਰਨ ਅਤੇ ਹੋਰ ਵੱਖ-ਵੱਖ ਕੈਟਾਗਰੀਆਂ ਦੀਆਂ ਕੁਝ ਅਸਾਮੀਆਂ ਖਾਲੀ ਰਹਿ ਗਈਆਂ ਸਨ। ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ** ਵੱਲੋਂ ਵੱਖ-ਵੱਖ ਸਮੇਂ ਤੇ ਜਾਰੀ ਸਿਲੈਕਸ਼ਨ ਸੂਚੀਆਂ ਵਿੱਚੋਂ ਇਹਨਾ ਖਾਲੀ ਰਹਿੰਦੀਆਂ ਅਸਾਮੀਆਂ ਨੂੰ ਭਰਨ ਲਈ ਮਿਤੀ 04-01-2024 ਤੋਂ ਆਨਲਾਈਨ ਪ੍ਰੋਸੈਸ ਰਾਹੀਂ **ਵਿਭਾਗ ਦੇ ਪੋਰਟਲ ਤੇ ਸਟੇਸ਼ਨ ਚੋਣ ਕਰਵਾਈ ਗਈ ਸੀ। ਜਿਸ ਅਨੁਸਾਰ MIS ਵਿੰਗ ਵੱਲੋਂ ਯੋਗ ਉਮੀਦਵਾਰਾਂ ਨੂੰ ਅਲਾਟ ਕੀਤੇ ਸਟੇਸ਼ਨ ਉਨ੍ਹਾਂ ਦੀ ਆਈ.ਡੀ ਵਿੱਚ ਅਪਲੋਡ ਕਰ ਦਿੱਤੇ ਗਏ ਹਨ। ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੋ ਉਮੀਦਵਾਰ ਵਿਗਿਆਪਨ ਮਿਤੀ 30-07-2021 ਅਧੀਨ ਪਹਿਲਾਂ ਹੀ ਚੁਣੇ ਗਏ ਸਨ, ਵਿਭਾਗ ਵੱਲੋਂ ਪਹਿਲਾਂ ਹੀ ਉਹਨਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਜਾ ਚੁੱਕੇ ਹਨ,ਅਜਿਹੇ ਯੋਗ ਉਮੀਦਵਾਰ ਹਾਜ਼ਰ ਹੋਣ ਉਪਰੰਤ ਸਰਕਾਰੀ ਨੌਕਰੀ ਵਿੱਚ ਬਤੌਰ ਈ.ਟੀ.ਟੀ.ਟੀਚਰ ਕੰਮ ਕਰ ਰਹੇ ਹਨ। ਇਸ ਤਰ੍ਹਾਂ ਦੇ ਯੋਗ ਉਮੀਦਵਾਰਾਂ ਦਾ ਨਿਯੁਕਤੀ ਦਾ ਸਥਾਨ, ਵਿਭਾਗ ਵੱਲੋਂ ਜੋ ਪਹਿਲਾਂ ਅਲਾਟ ਕੀਤਾ ਗਿਆ ਸੀ, ਉਹੀ ਰਹੇਗਾ।**

**2.0 ਯੋਗ ਉਮੀਦਵਾਰਾਂ ਨੂੰ ਜਿਸ ਜਿਲ੍ਹੇ ਵਿੱਚ ਸਟੇਸ਼ਨ ਅਲਾਟ ਹੋਇਆ ਹੈ, ਉਹ ਸਿਲੈਕਸਨ ਨਤੀਜੇ ਦੀ ਕਾਪੀ, ਆਨ-ਲਾਈਨ ਸਟੇਸ਼ਨ ਅਲਾਟਮੈਂਟ ਦੀ ਕਾਪੀ, ਸਵੈ-ਘੋਸਣਾ (ਸਵੈ-ਘੋਸ਼ਣਾ ਪੱਤਰ ਦਾ ਨਮੂਨਾ ਸਬੰਧਤ ਡੀ.ਈ.ਓ. (ਐਸਿ) ਦਫਤਰ ਤੋਂ ਪ੍ਰਾਪਤ ਕੀਤਾ ਜਾਵੇ) ਅਤੇ ਆਈ.ਡੀ.ਪਰੂਫ ਲੈ ਕੇ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐਸਿ), ਦਫਤਰ ਵਿਖੇ ਪੁਹੰਚ ਕੇ ਨਿਯਕੁਤੀ ਪੱਤਰ ਪ੍ਰਾਪਤ ਕਰ ਸਕਦੇ ਹਨ।**

**ਸਹਾਇਕ ਡਾਇਰੈਕਟਰ (ਅਮਲਾ)**